**E**

No. of Printed Pages : 7

# Pre-Board Exam
# (2019-2020)
# Class-X
# Subject - Punjabi

**Maximum Marks : 80** **Time : 3 Hours**

ਨੋਟ :- **(1)** ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ।

**(2)** ਲਿਖਾਈ ਸ਼ੁੱਧ, ਸੁੰਦਰ ਅਤੇ ਖੁੱਲ੍ਹੀ-ਖੁੱਲ੍ਹੀ ਕਰਨ ਦਾ ਜਤਨ ਕਰੋ।

**(3)** ਸੰਪੂਰਨ ਪ੍ਰਸ਼ਨ-ਪੱਤਰ ਚਾਰ ਭਾਗਾਂ ਵਿੱਚ ਹੈ :

ਭਾਗ ੳ - ਪੜ੍ਹਨ-ਕੌਸ਼ਲ

1. ਅਣਡਿੱਠਾ ਪੈਰਾ (9) ਅੰਕ
2. ਅਣਡਿੱਠੀ ਕਾਵਿ ਟੁਕੜੀ (6) ਅੰਕ

ਭਾਗ ਅ - ਵਿਆਕਰਨ - (20) ਅੰਕ

ਭਾਗ ੲ - ਪ੍ਰਭਾਵਸ਼ਾਲੀ ਲਿਖਣ-ਕੌਸ਼ਲ

1. ਲੇਖ – 10 ਅੰਕ
2. ਪੱਤਰ – 08 ਅੰਕ
3. ਇਸ਼ਤਿਹਾਰ/ਤਸਵੀਰ – 07 ਅੰਕ

ਭਾਗ ਸ - ਪਾਠ - ਪੁਸਤਕਾਂ ਤੇ ਅਧਾਰਿਤ ਪ੍ਰਸ਼ਨ - 20 ਅੰਕ

## ਭਾਗ- ੳ (ਪੜ੍ਹਨ-ਕੌਸ਼ਲ)

**1.** ਹੇਠ ਲਿਖੇ ਪੈਰੇ ਨੂੰ ਧਿਆਨ ਨਾਲ ਪੜ੍ਹ ਕੇ ਹੇਠ ਦਿੱਤੇ ਪ੍ਰਸ਼ਨਾਂ ਦੇ ਉੱਤਰ ਲਿਖੋ :-

ਵਿੱਦਿਆ ਦਾ ਉਦੇਸ਼ ਮਨੁੱਖ ਨੂੰ ਵਾਸਤਵਿਕ ਸਮਾਜਿਕ-ਜੀਵ ਬਣਾਉਣਾ ਹੈ। ਵਿੱਦਿਆ ਦਾ ਗਿਆਨ ਰੁਜ਼ਗਾਰ ਪ੍ਰਾਪਤੀ ਦਾ ਸਾਧਨ ਹੈ। ਰੁਜ਼ਗਾਰ ਤੋਂ ਪ੍ਰਾਪਤ ਮਾਇਆ ਮਨੁੱਖੀ ਲੋੜਾਂ ਦੀ ਪੂਰਤੀ ਵਿੱਚ ਸਹਾਈ ਹੁੰਦੀ ਹੈ। ਵਿੱਦਿਆ ਮਨੁੱਖ ਦੇ ਵਿਅਕਤਿੱਤਵ ਦੇ ਵਿਕਾਸ ਵਿੱਚ ਸਹਾਈ ਹੁੰਦੀ ਹੈ। ਇਸ ਗਿਆਨ ਦੇ ਚਾਨਣ ਨਾਲ ਜੀਵ ਸਰੀਰਕ ਤੌਰ' ਤੇ ਨਵਾਂ ਨਰੋਆ, ਮਾਨਸਿਕ ਤੌਰ ਤੇ ਸਵੱਛ, ਅਡੋਲ, ਦ੍ਰਿੜ ਅਤੇ ਦਿਮਾਗੀ ਤੌਰ ਤੇ ਪ੍ਰਫੁੱਲਤ, ਸੁਲਝਿਆ ਹੋਇਆ ਤੇ ਸ਼ਕਤੀਵਾਨ ਬਣ ਸਕਦਾ ਹੈ। ਵਿੱਦਿਆ ਦਾ ਚਾਨਣ ਮਨੁੱਖੀ ਆਚਰਨ ਨੂੰ ਉੱਚਾ ਤੇ ਸੁੱਚਾ ਵੀ ਬਣਾਉਂਦਾ ਹੈ। ਜੇ ਕੋਈ ਪੜ੍ਹ-ਲਿਖ ਕੇ ਵੀ ਦੋਸ਼ੀਆਂ ਨੂੰ ਸਜ਼ਾ ਨਹੀਂ ਦਿੰਦਾ, ਸੱਚ ਝੂਠ ਦਾ ਨਿਤਾਰਾ ਨਹੀਂ ਕਰਦਾ, ਅਨਿਆਂ ਵਿਰੁੱਧ ਆਵਾਜ਼ ਨਹੀਂ ਚੁੱਕਦਾ ਤਾਂ ਉਸਦੀ ਵਿੱਦਿਆ ਦਾ ਕੋਈ ਲਾਭ ਨਹੀਂ, ਵਿੱਦਿਆ ਦੇ ਸਰਬ-ਪੱਖੀ ਵਿਕਾਸ ਦੇ ਮਨੋਰਥ ਨੂੰ ਮੁੱਖ ਰੱਖਦਿਆਂ ਹੋਇਆਂ ਸਕੂਲਾਂ ਵਿੱਚ ਪੜ੍ਹਾਈ ਤੋਂ ਛੁੱਟ, ਮਨੋਰੰਜਨ ਕਾਰਜਾਂ, ਧਾਰਮਿਕ ਸਿੱਖਿਆ ਅਤੇ ਖੇਡਾਂ ਆਦਿ ਵੱਲ ਵੀ ਵਿਸ਼ੇਸ਼ ਧਿਆਨ ਦਿੱਤਾ ਜਾਂਦਾ ਹੈ। ਵਿਦਿਆਰਥੀਆਂ ਨੂੰ ਨਿਸ਼ਚਿਤ ਪਾਠਕ੍ਰਮ ਤੇ ਅਧਾਰਤ ਪੁਸਤਕਾਂ ਪੜ੍ਹਾਈਆਂ ਜਾਂਦੀਆਂ ਹਨ, ਤਾਂ ਜੋ ਉਹ ਮਾਨਸਿਕ ਤੇ ਬੌਧਿਕ ਵਿਕਾਸ ਦੇ ਨਾਲ-ਨਾਲ ਬੋਰਡ ਅੰਤੇ ਯੂਨੀਵਰਸਿਟੀ ਦੇ ਇਮਤਿਹਾਨ ਵੀ ਪਾਸ ਕਰ ਸੱਕਣ। ਵਿਦਿਆਰਥੀਆਂ ਨੂੰ ਭਿੰਨ-ਭਿੰਨ ਖੇਡਾਂ ਵੀ ਖਿਡਾਈਆਂ ਜਾਂਦੀਆਂ ਹਨ, ਤਾਂ ਜੋ



WWW.TAYARIONLINE.COM
Scanned with CamScanner

ਓਹ ਸਵਸਥ ਰਹਿ ਸੱਕਣ। ਇਸ ਤਰ੍ਹਾ ਵਿੱਦਿਆ ਸਾਨੂੰ ਗਿਆਨ-ਰੂਪੀ ਚਾਨਣ ਬਖਸ਼ਦੀ ਹੈ। ਇਹ ਗਿਆਨ ਸਾਨੂੰ ਪਰਉਪਕਾਰੀ ਬਣਾਉਂਦਾ ਹੈ। ਗਿਆਨ, ਸਦਾਚਾਰ, ਧਾਰਮਿਕਤਾ ਅਤੇ ਸਮਾਜਿਕ-ਵਿਕਾਸ ਹਿਤ ਵਿੱਦਿਆ ਦੀ ਦੇਣ ਬਹੁ-ਮਨੋਰਥੀ ਹੈ।

(ੳ) ਵਿੱਦਿਆ ਦਾ ਉਦੇਸ਼ ਕੀ ਹੈ। 2

(ਅ) ਵਿੱਦਿਆ ਰੂਪੀ ਗਿਆਨ ਦੇ ਚਾਨਣ ਨਾਲ ਜੀਵ ਕੀ ਬਣ ਸਕਦਾ ਹੈ। 2

(ੲ) ਵਿੱਦਿਆ ਦੇ ਸਰਬ-ਪੱਖੀ ਵਿਕਾਸ ਦੇ ਮਨੋਰਥ ਨੂੰ ਮੁੱਖ ਰੱਖਦਿਆਂ ਹੋਇਆਂ, ਸਕੂਲਾਂ ਵਿੱਚ ਸਕੂਲਾਂ ਵਿੱਚ ਕਿਸ ਵਲ ਵਿਸ਼ੇਸ਼ ਧਿਆਨ ਦਿੱਤਾ ਜਾਂਦਾ ਹੈ ?

(ਸ) ਵਿਦਿਆਰਥੀਆਂ ਨੂੰ ਭਿੰਨ-ਭਿੰਨ ਖੇਡਾਂ ਕਿਉਂ ਖਿਡਾਈਆਂ ਜਾਂਦੀਆਂ ਹਨ ? 2

(ਹ) ਇਸ ਪੈਰੇ ਦਾ ਢੁੱਕਵਾਂ ਸਿਰਲੇਖ ਲਿਖੋ। 1

**2.** ਹੇਠ ਲਿਖੀ ਕਾਵਿ ਟੁਕੜੀ ਨੂੰ ਪੜ੍ਹ ਕੇ ਹੇਠਾਂ ਦਿੱਤੇ ਪ੍ਰਸ਼ਨਾਂ ਦੇ ਉੱਤਰ ਦਿਓ- **2x3=6**

"ਕਤਲ ਨਾ ਕੋਈ ਕੁੱਖ ਹੋਵੇ,
ਦਾਜ ਦੀ ਨਾ ਭੁੱਖ ਹੋਵੇ,
ਕੁੜੀਆਂ ਦੀ ਜ਼ਿੰਦਗੀ 'ਚ
ਹਰ - ਇਕ ਸੁੱਖ ਹੋਵੇ।
ਸੱਗੀ-ਫੁਲਮ, ਵੰਗਾਂ ਅਤੇ,
ਕੰਨਾਂ ਸਜੀ ਵਾਲੀ ਹੋਵੇ।
ਅਰਦਾਸ ਮੇਰੇ ਮਾਲਕਾ,
ਇਹੋ ਜਿਹੀ ਦੀਵਾਲੀ ਹੋਵੇ।

ੳ) ਕਵੀ, ਕਿਸ ਦੀ ਜ਼ਿੰਦਗੀ ਵਿੱਚ ਹਰ-ਇਕ ਸੁੱਖ ਹੋਣ ਦੀ ਗੱਲ ਕਰ ਰਿਹਾ ਹੈ ?

ਅ) ਕਾਵਿ - ਸਤਰਾਂ ਵਿੱਚ ਕਿਹੜੇ-ਕਿਹੜੇ ਗਹਿਣਿਆਂ ਦੇ ਨਾਂ ਆਏ ਹਨ ?

ੲ) ਕਵੀ ਪਰਮਾਤਮਾ ਅੱਗੇ ਕਿਹੜੇ ਤਿਉਹਾਰ ਬਾਰੇ ਅਰਦਾਸ ਕਰ ਰਿਹਾ ਹੈ ?

(ਭਾਗ-ਅ)

ਵਿਆਕਰਨ

**3.** **(i)** ਹੇਠ ਲਿਖਿਆਂ ਵਿੱਚੋ ਸਹੀ ਸਮਾਸੀ ਸ਼ਬਦ ਕਿਹੜਾ ਹੈ ? **1x4=4**

ੳ) ਦੇਸ਼ - ਭਗਤ  ਅ) ਅਮਰ-ਅਮਰ

ੲ) ਮਨ-ਅੰਦਰ  ਸ) ਆਤਮ-ਤੱਤ

**(ii)** ਵੈਰ ਅਤੇ ਵਿਰੋਧ' ਲਈ ਸਹੀ ਸਮਾਸੀ ਸ਼ਬਦ ਦੀ ਚੋਣ ਕਰੋ-

(ੳ) ਵਿਰੋਧ-ਵੈਰ  ਅ) ਵੈਰ-ਵਿਰੋਧ

(ੲ) ਵਿਰੋਧ-ਵਿਰੋਧ  ਸ) ਵੈਰ-ਵੈਰ

**(iii)** 'ਟੁੱਟ-ਭੱਜ' ਸਮਾਸੀ ਸ਼ਬਦ ਕਿਸ ਸ਼ਬਦ ਸਮੂਹ ਲਈ ਵਰਤਿਆ ਜਾਂਦਾ ਹੈ ?



WWW.TAYARIONLINE.COM

Scanned with CamScanner

(ੳ) ਭੱਜ ਅਤੇ ਟੁੱਟ    ਅ) ਭੱਜ ਅਤੇ ਭੱਜ
(ੲ) ਟੁਟ ਅਤੇ ਟੁੱਟ    ਸ) ਟੁੱਟ-ਅਤੇ ਭੱਜ

**(iv)** ਹੇਠ ਲਿਖਿਆਂ ਵਿੱਚੋਂ ਸਮਾਨ ਅਰਥਾਂ ਵਾਲਾ ਸਮਾਸੀ ਸ਼ਬਦ ਚੁਣੋ :-
(ੳ) ਵਿਆਹ - ਸ਼ਾਦੀ    ਅ) ਦੂਰ-ਨੇੜੇ
(ੲ) ਉੱਤੇ-ਥੱਲੇ    ਸ) ਬੁਰਾ-ਭਲਾ

**4.** **(i)** 'ਅੱਗਾ' ਸ਼ਬਦ ਦੇ ਬਹੁ-ਅਰਥਕ ਸ਼ਬਦ ਸਮੂਹ ਦੀ ਚੋਣ ਕਰੋ **1x4=4**
(ੳ) ਭਵਿੱਖ, ਅਗਲਾ ਹਿੱਸਾ    ਅ) ਗਰੀਬ, ਨਿਰਧਨ
(ੲ) ਚੰਗਾ, ਭਲਾ    ਸ) ਸ਼ਾਮ, ਮੂੰਹ ਹਨੇਰਾ

**(ii)** ਮੂਰਖ' ਸ਼ਬਦ ਲਈ ਬਹੁ ਅਰਥਕ ਸ਼ਬਦਾਂ ਦਾ ਸਹੀ ਸੈੱਟ ਚੁਣੋ
(ੳ) ਪਾਗਲ, ਬੁੱਧੀਹੀਣ, ਕਮਲਾ    ਅ) ਸਿਰਫਿਰਾ, ਕੋੜਾ, ਬੇਵਕੂਫ
(ੲ) ਚਤੁਰ, ਚਗਿਲਖੋਰ    ਸ) ਲੜਾਕਾ, ਗਾਲੜੀ

**(iii)** 'ਤਰ' ਸ਼ਬਦ ਦਾ ਬਹੁ - ਅਰਥਕ ਸ਼ਬਦ ਚੁਣੋ :
(ੳ) ਗੋਲੀ    ਅ) ਤੰਗੀ
(ੲ) ਤਰਨਾ    ਸ) ਟਾਹਣੀ

**(iv)** ਇਕ ਤੋਂ ਵਧੇਰੇ ਅਰਥ ਰੱਖਣ ਵਾਲੇ ਸ਼ਬਦ ਨੂੰ ਕੀ ਕਿਹਾ ਜਾਂਦਾ ਹੈ ?
(ੳ) ਬਹੁ-ਬਚਨ    ਅ) ਸਮਾਨਾਰਥਕ
(ੲ) ਬਹੁ-ਅਰਥਕ    ਸ) ਵਿਰੋਧੀ ਸ਼ਬਦ

**5.** **(i)** 'ਮਾਂ ਹੌਲੀ-ਹੌਲੀ ਤੁਰ ਕੇ ਆਈ ਸੀ।' ਵਾਕ ਵਿੱਚੋ ਕਿਰਿਆ ਵਿਸ਼ੇਸ਼ਣ ਚੁਣੋ - **1x4=4**
(ੳ) ਤੁਰ    ਅ) ਆਈ
(ੲ) ਮਾਂ    ਸ) ਹੌਲੀ-ਹੌਲੀ

**(ii)** ਜਿਹੜੇ ਸ਼ਬਦ ਕਿਰਿਆ ਦੇ ਹੋਣ ਦਾ ਸਮਾਂ ਦੱਸਦੇ ਹਨ, ਉਨ੍ਹਾਂ ਨੂੰ ________________ ਕਿਰਿਆ - ਵਿਸ਼ੇਸ਼ਣ ਕਹਿੰਦੇ ਹਨ।
(ੳ) ਕਾਰਨ ਵਾਚਕ    ਅ) ਸੰਖਿਆ ਵਾਚਕ
(ੲ) ਕਾਲ ਵਾਚਕ    ਸ) ਸਥਾਨ ਵਾਚਕ

**(iii)** 'ਇਸ ਲਈ' ਸ਼ਬਦ ਕਿਰਿਆ ਵਿਸ਼ੇਸ਼ਣ ਦੀ ਕਿਹੜੀ ਵੰਨਗੀ ਹੈ ?
(ੳ) ਸੰਖਿਆ ਵਾਚਕ    ਅ) ਨਿਸ਼ਚੇ ਵਾਚਕ
(ੲ) ਕਾਰਨ ਵਾਚਕ    ਸ) ਪ੍ਰਕਾਰ ਵਾਚਕ

**(iv)** 'ਦੀਪਕ ਅੰਦਰ ਬੈਠਾ ਹੈ' ਵਾਕ ਵਿਚ ਕਿਹੜੀ ਪ੍ਰਕਾਰ ਦਾ ਕਿਰਿਆ ਵਿਸ਼ੇਸ਼ਣ ਹੈ ?
(ੳ) ਸਥਾਨ-ਵਾਚਕ    ਅ) ਪਰਿਮਾਣ-ਵਾਚਕ
(ੲ) ਕਾਲ-ਵਾਚਕ    ਸ) ਕਾਰਨ-ਵਾਚਕ



WWW.TAYARIONLINE.COM
Scanned with CamScanner

6. (i) 'ਖੁਸ਼' ਅਤੇ 'ਦੁਰ' ਅਗੇਤਰ ਲਾ ਕੇ ਦੋ-ਦੋ ਸ਼ਬਦ ਬਣਾਓ 2x2=4

(ii) ਹਾਰ ਅਤੇ ਖ਼ੋਰ' ਪਿਛੇਤਰ ਲਾ ਕੇ ਦੋ-ਦੋ ਸ਼ਬਦ ਬਣਾਓ।

7. ਮੁਹਾਵਰਿਆਂ ਦਾ ਅਰਥ ਸਪਸ਼ੱਟ ਕਰਦੇ ਹੋਏ ਬਾਕ ਬਣਾਓ। 1x4=4

(i) ਕੰਨ ਭਰਨੇ

(ii) ਜਾਨ ਵਾਰਨਾ

(iii) ਘੱਟਾ ਉਡਾਉਣਾ

(iv) ਚੜ੍ਹਾਈ ਕਰ ਜਾਣਾ

ਭਾਗ - ੲ

(ਲਿਖਣ ਕੌਸ਼ਲ)

8. ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ ਇੱਕ ਵਿਸ਼ੇ ਉੱਤੇ ਦਿੱਤੇ ਹੋਏ ਨੁਕਤਿਆਂ ਦੇ ਆਧਾਰ ਤੇ 200 ਸ਼ਬਦਾਂ ਦਾ ਲੇਖ ਲਿਖੋ
'ਸੋ ਕਿਉ ਮੰਦਾ ਆਖੀਐ' 10

ਨੁਕਤੇ : -
- ਗੁਰੂ ਨਾਨਕ ਦੇਵ ਜੀਦੀ ਉਚਾਰੀ ਤੁਕ
- ਇਸਤਰੀ ਦੀ ਹੋਂਦ ਜ਼ਰੂਰੀ
- ਮਨੁੱਖੀ ਉਤਪੱਤੀ ਇਸਤਰੀ ਰਾਹੀਂ
- ਸਮਾਜ ਲਈ ਔਰਤ ਦੀ ਅਹਿਮੀਅਤ
- ਸਨਮਾਨਤਾ ਥਾਂ

ਜਾਂ

'ਪੁਸਤਕਾਂ ਪੜ੍ਹਨ ਦੀ ਮਹੱਤਤਾ'

ਨੁਕਤੇ :-
- ਪੁਸਤਕਾਂ ਜੀਵਨ ਦਾ ਜਰੂਰੀ ਹਿੱਸਾ
- ਸਮੇਂ ਨੂੰ ਸਾਰਥਕ ਬਣਾਓਂਦੀਆਂ
- ਇੱਕਲਤਾ ਨੂੰ ਦੂਰ ਕਰਦੀਆਂ
- ਗਿਆਨ ਰੂਪੀ ਸਾਗਰ
- ਸੱਚਾ ਮਿੱਤਰ

ਜਾਂ

'ਮਾਂ ਬੋਲੀ ਦੀ ਮਹੱਤਤਾ'

ਨੁਕਤੇ :-
- ਮਾਂ ਬੋਲੀ ਕੀ ਹੁੰਦੀ ਹੈ।
- ਭਾਵਾਂ ਅਤੇ ਵਿਚਾਰਾਂ ਨੂੰ ਵਿਅਕਤ ਕਰਨਾ ਸੌਖਾ
- ਵਿਦਵਾਨਾਂ ਨੇ ਮਾਂ ਬੋਲੀ ਨੂੰ ਅਧਾਰ ਬਣਾਇਆ
- ਅਪਣਾਪਨ



WWW.TAYARIONLINE.COM

Scanned with CamScanner

- ਸਿੱਟਾ

9. ਹੇਠ ਲਿਖੇ ਨੁਕਤਿਆਂ ਦੇ ਅਧਾਰ' ਤੇ ਕੋਈ ਇਕ ਪੱਤਰ ਲਿਖੋ। **8**

ਆਪਣੇ ਮਿੱਤਰ ਨੂ ਪਾਸ ਹੋਣ 'ਤੇ ਵਧਾਈ ਪੱਤਰ ਲਿਖੋ।

ਨੁਕਤੇ :-

- ਸਤਿਕਾਰ ਭਰੇ ਸਬਦ
- ਨਤੀਜਾ ਵੇਖਿਆ
- ਪਾਸ ਹੋਣ ਤੇ ਖੁਸ਼ੀ
- ਮਿਹਨਤ ਦਾ ਨਤੀਜ਼ਾ
- ਮਾਤਾ-ਪਿਤਾ ਨੂੰ ਵਧਾਈ
- ਆਪਣਾ ਸਿਰਨਾਵਾਂ

ਜਾਂ

ਖਾਣੇ ਦੇ ਐਸ. ਐਚ. ਓ ਨੂੰ ਪੱਤਰ ਲਿਖੋ ਜਿਸ ਰਾਹੀਂ ਲੋਕਾਂ ਨੂੰ ਉੱਚੀ ਅਵਾਜ਼ ਵਿੱਚ ਲਾਊਡ ਸਪੀਕਰ ਲਾਉਣ ਤੋਂ ਵਰਜਿਆ ਜਾਵੇ।


ਨੁਕਤੇ :-

- ਸਤਿਕਾਰ ਭਰੇ ਸ਼ਬਦ
- ਨੁਕਸਾਨਦਾਇਕ
- ਸ਼ੋਰ - ਪ੍ਰਦੂਸ਼ਣ ਵਧਦਾ ਹੈ
- ਕੰਨਾਂ ਉੱਤੇ ਮਾੜਾ ਪ੍ਰਭਾਵ
- ਪੜ੍ਹਾਈ ਵਿੱਚ ਰੁਕਾਵਟ
- ਉਚਿਤ ਕਦਮ ਚੁੱਕੇ ਜਾਣ
- ਧੰਨਵਾਦ

10. ਆਪ ਨੇ ਆਪਣੀ ਦੁਕਾਨ ਕਿਰਾਏ ਉੱਤੇ ਦੇਣੀ ਹੈ। ਇਸ ਲਈ ਇਕ ਆਦਰਸ਼ਕ ਇਸ਼ਤਿਹਾਰ ਤਿਆਰ ਕਰੋ। **7**

ਜਾਂ

ਹੇਠਾਂ ਦਿਤੀ ਤਸਵੀਰ ਨੂੰ ਵੇਖ ਕੇ 50 ਸ਼ਬਦਾਂ ਵਿੱਚ ਉਸ ਦਾ ਵਰਣਨ ਕਰੋ :-





WWW.TAYARIONLINE.COM

Scanned with CamScanner

| | |
|---|---|
| ਨੋਟ - | ਇਹ ਪ੍ਰਸ਼ਨ ਸਿਰਫ਼ ਨੇਤਰਹੀਣ ਵਿਦਿਆਰਥੀਆਂ ਲਈ ਹੈ<br>ਤੁਹਾਡਾ ਮੋਟਰਸਾਇਕਲ ਗੁਆਚ ਗਿਆ ਹੈ। ਇਸ ਬਾਰੇ ਪੁਲਿਸ ਥਾਣੇ ਵਿੱਚ ਆਪਣੀ ਰਿਪੋਰਟ ਦਰਜ ਕਰਨ ਲਈ ਪੱਤਰ ਲਿਖੋ। |

(ਭਾਗ-ਸ)

ਪਾਠ-ਪੁਸਤਕਾਂ ਤੇ ਅਧਾਰਿਤ ਪ੍ਰਸ਼ਨ

11. ਅਤਿ ਛੋਟੇ ਪ੍ਰਸ਼ਨ (ਬਹੁ ਵਿਕਲਪੀ) **1x4=4**

(i) ਰਜਨੀ ਨੂੰ ਸਕੂਲ ਦੇ ਕਿਸ ਸਮਾਗਮ ਵਿੱਚ ਬਹਾਦਰੀ ਲਈ ਸਨਮਾਨ ਮਿਲਿਆ ?

(ੳ) ਸੁਤੰਤਰਤਾ ਦਿਵਸ ਸਮਾਰੋਹ ਅ) ਵਿਦਿਆਰਥੀ ਦਿਵਸ

(ੲ) ਮਾਂ ਸ) ਸਲਾਨਾ ਸਮਾਰੋਹ

(ii) ਵੰਦਨਾ ਨੂੰ ਕਿਸ ਨਾਲ ਬਹੁਤ ਪਆਰ ਸੀ ?

(ੳ) ਗੀਤਾਂ ਨਾਲ ਅ) ਫੁੱਲ-ਬੂਟਿਆਂ ਨਾਲ

(ੲ) ਬੱਚਿਆਂ ਨਾਲ ਸ) ਸਹੇਲੀਆਂ ਨਾਲ

(iii) ਚਾਹ ਵਿੱਚ ਕਿਹੜਾ ਤੱਤ ਮੌਜੂਦ ਹੁੰਦਾ ਹੈ ?

(ੳ) ਥਏਨੀਨ ਅ) ਰਸ

(ੲ) ਮਿਲਾਵਟ ਸ) ਨਮਕ

(iv) ਵਾਦ-ਵਿਵਾਦ ਪ੍ਰਤੀਯੋਗੀ ਬਣਨ ਲਈ ਕਿਹੜੀ ਬੁੱਧੀ ਦੀ ਲੋੜ ਹੈ ?

(ੳ) ਭਾਸ਼ਾਗਤ ਬੁਧੀ ਅ) ਸੰਗੀਤਕ ਬੁੱਧੀ

(ੲ) ਸਰੀਰਗਤ ਬੁਧੀ ਸ) ਤਾਰਕਿਕ-ਗਣਿਤਕ ਬੁੱਧੀ

12. ਛੋਟੇ ਪ੍ਰਸ਼ਨ **1x4=4**

(i) ਮਨਮੁਖ ਦਾ ਵਿਰੋਧੀ ਸ਼ਬਦ ਕੀ ਹੈ ?

(ii) ਦਸ ਗੁਰੂਆਂ ਨੇ ਕਿਹੜੀ ਜੋਤ ਬਾਲੀ ?

(iii) ਅੰਮ੍ਰਿਤਸਰ ਤੋਂ ਕੌਣ ਆਇਆ ਸੀ ? ਬੇਬੇ ਰਾਮ ਭਜਨੀ ਪਾਠ ਦੇ ਅਧਾਰ ਤੇ ਉੱਤਰ ਲਿਖੋ।

(iv) ਰਾਮ ਭਜਨੀ ਨੇ ਰੇਸ਼ਮੀ ਕੁੜਤੇ ਕਿਸ ਲਈ ਰੱਖੇ ਸਨ ?

13. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 25 ਤੋ 30 ਸ਼ਬਦਾਂ ਵਿੱਚ ਦਿਉ :- **2x3=6**

(i) ਮੰਮੀ-ਪਾਪਾ, ਮੀਨਾਕਸ਼ੀ ਨੂੰ ਕਿਸ ਗੱਲ ਤੋਂ ਰੋਕਦੇ ਸਨ ?

(ii) ਵੰਦਨਾ ਨੇ ਛੱਤ ਉਪਰ ਵਾਧੂ ਟੈਂਕੀ ਕਿਉਂ ਰੱਖੀ ਹੋਈ ਸੀ ?



WWW.TAYARIONLINE.COM
Scanned with CamScanner

(iii) ਮਿਲਖਾ ਸਿੰਘ ਨੂੰ 'ਫਲਾਇੰਗ ਸਿੱਖ' ਦਾ ਖ਼ਿਤਾਬ ਸਭ ਤੋ ਪਹਿਲਾਂ ਕਿੱਥੇ ਮਿਲਿਆ ?

14. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 50 ਤੋ 60 ਸਬਦਾਂ ਵਿੱਚ ਦਿਓਲ:- 3

(i) ਪੰਜਾਬੀ ਬੋਲੀ ਉੱਪਰ ਕਿੰਨਾਂ ਦੀ ਕਿਰਪਾ ਹੈ ? ਪੰਜਾਬੀ ਦੀ ਦੁਨੀਆਂ ਵਿੱਚ ਸਾਖ, ਕਿਉਂ ਮੈਲੀ ਹੋ ਰਹੀ ਹੈ? 'ਮਾਣ ਪੰਜਾਬੀ ਦਾ' ਕਵਿਤਾ ਦੇ ਅਧਾਰ ਤੇ ਉੱਤਰ ਲਿਖੋ।

ਜਾਂ

ਕੁੜੀ ਦੇ ਵਿਆਹ ਵੇਲੇ ਪਰਿਵਾਰ ਵਿੱਚ ਕੀ-ਕੀ ਕੀਤਾ ਜਾਂਦਾ ਹੈ ? ਪੰਜਾਬ ਦੇ ਲੋਕ ਗੀਤ' ਪਾਠ ਦੇ ਆਧਾਰ' ਤੇ ਉੱਤਰ ਲਿਖੋ।

15. ਸ਼ਾਮ ਦਾਸ ਦਾ ਚਰਿੱਤਰ ਆਪਣੇ ਸ਼ਬਦਾਂ ਵਿੱਚ ਲਿਖੋ। 3

ਜਾਂ

'ਬੇਬੇ ਰਾਮ ਭਜਨੀ' ਇਕਾਂਗੀ ਦੇ ਵਿਸ਼ੇ-ਵਸਤੂ ਉੱਪਰ ਵਿਚਾਰ ਕਰੋ।



WWW.TAYARIONLINE.COM

Scanned with CamScanner